ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਧਰਮ ਆਧਾਰਤ ਸਿਆਸਤ

**ਪੰਜਾਬ** ਵਿਚ ਇਸ ਵੇਲੇ ਅਮਨ ਵੀ ਹੈ ਤੇ ਗੜਬੜ ਵੀ ਹੈ। ਜਥੇਦਾਰ ਰਣਜੀਤ ਸਿੰਘ ਆਪਣੇ ਅਹੁਦੇ ਤੋਂ ਮੁਅੱਤਲ ਕਰ ਦਿੱਤੇ ਗਏ ਹਨ। ਟੌਹੜਾ ਸਾਹਿਬ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਗੱਲ ਕਰ ਰਹੇ ਹਨ । ਉਨ੍ਹਾਂ ਨੇ ਨੰਗੇ ਧੜ ਬਾਦਲ ਦੇ ਵਿਰੁੱਧ ਜੰਗ ਲੜਨ ਦਾ ਐਲਾਨ ਕੀਤਾ ਹੈ। ਉਂਝ ਇਸ ਵੇਲੇ ਬਾਦਲ ਧੜੇ ਦੀ ਚੜ੍ਹਤ ਹੈ ਪਰ ਇਹ ਚੜ੍ਹਤ ਇਸ ਲਈ ਨਹੀਂ ਕਿ ਬਾਦਲ ਸਾਹਿਬ ਬੜੇ ਮਕਬੂਲ ਲੀਡਰ ਹਨ ਜਾਂ ਉਨ੍ਹਾਂ ਦੀ ਸਰਕਾਰ ਬਹੁਤ ਚੰਗੀ ਚੱਲ ਰਹੀ ਹੈ, ਸਗੋਂ ਇਸ ਲਈ ਹੈ ਕਿ ਉਹ ਕੁਰਸੀ 'ਤੇ ਬੈਠੇ ਹਨ। ਅਸਥਿਰਤਾ ਦੀ ਹਾਲਤ ਇਸ ਵੇਲੇ ਪੰਜਾਬ ਵਿਚ ਹੈ। ਸਰਕਾਰ ਦੀ ਸਾਰੀ ਵਿਕਾਸ ਕਾਰਗੁਜ਼ਾਰੀ ਠੱਪ ਹੈ ਅਤੇ ਇਹਦਾ ਨੁਕਸਾਨ ਪੰਜਾਬ ਦੇ ਲੋਕਾਂ ਦਾ ਹੈ।

ਸਥਿਤੀ ਦਾ ਵਿਸ਼ਲੇਸ਼ਣ ਕਰੀਏ ਤਾਂ ਇਕ ਦਮ ਇਸਦਾ ਕਾਰਨ ਇਹੀ ਨਿਕਲਦਾ ਹੈ ਕਿ ਜਿਸ ਸਿਆਸਤ ਤੇ ਮੌਜੂਦਾ ਸਰਕਾਰ ਚੱਲ ਰਹੀ ਹੈ, ਉਹ ਧਰਮ ਆਧਾਰਤ ਸਿਆਸਤ ਹੈ ਅਤੇ ਇਹ ਸਿਆਸਤ ਵੇਲਾ ਵਿਹਾਅ ਚੁੱਕੀ ਸਿਆਸਤ ਹੈ। ਉਹ ਵਿਧਾਨ ਜਿਸਦੇ ਆਸਰੇ ਸਾਰੀ ਸਟੇਟ ਮਸ਼ੀਨਰੀ ਚਲਦੀ ਹੈ ਉਹ ਧਰਮ ਆਧਾਰਤ ਸਿਆਸਤ ਦੇ ਅਨਕੂਲ ਨਹੀਂ। ਅਕਾਲੀ ਪੰਜਾਬ ਵਿਚ ਅਤੇ ਭਾਜਪਾ ਹਿੰਦੋਸਤਾਨ ਵਿਚ ਇਹ ਧਰਮ ਆਧਾਰਤ ਚਲਾਉਣ ਲਈ ਬਜ਼ਿਦ ਹਨ, ਤੇ ਇਸ ਲਈ ਦੇਸ਼ ਨੂੰ ਵੀ ਅਤੇ ਪੰਜਾਬ ਨੂੰ ਵੀ ਸੰਕਟ ਵਿਚ ਪਾਇਆ ਹੋਇਆ ਹੈ। ਇਹ ਦੇਸ਼ ਸਾਰੇ ਧਰਮਾਂ ਦਾ ਸਾਂਝਾ ਹੈ, ਜੇਕਰ ਰਾਜ ਇਕ ਫਿਰਕੇ ਦੇ ਹਿੱਤ ਵਾਸਤੇ ਚਲਾਇਆ ਜਾਏਗਾ। ਸੰਕਟ ਆਉਣਾ ਹੀ ਆਉਣਾ ਹੈ। ਪੰਜਾਬ ਦਾ 1980-93 ਦਾ ਸੰਕਟ ਵੀ ਇਸੇ ਕਰਕੇ ਸੀ ਤੇ ਹੁਣ ਵੀ ਖ਼ਤਰਾ ਹੈ ਕਿ ਇਹੋ ਜਿਹੀ ਸਥਿਤੀ ਫੇਰ ਨਾ ਬਣ ਜਾਏ। ਲੋਕ ਰਾਏ ਧਰਮ ਆਧਾਰਤ ਸਿਆਸਤ ਦੇ ਵਿਰੁੱਧ ਲਾਮਬੰਦ ਹੋਣੀ ਜ਼ਰੂਰੀ ਹੈ। ਧਰਮ ਅਤੇ ਸਿਆਸਤ ਦੇ ਆਪਣੇ ਆਪਣੇ ਖੇਤਰ ਹਨ ਤੇ ਉਨ੍ਹਾਂ ਨੂੰ ਆਪਣੇ ਆਪਣੇ ਖੇਤਰ ਵਿਚ ਹੀ ਰਹਿਣਾ ਚਾਹੀਦਾ ਹੈ।

ਪੰਜਾਬ ਦੇ ਪਿੰਡਾਂ ਵਿਚ ਇਕ ਮਾਡਲ ਹੈ। ਕੋਈ ਅਖੰਡ ਪਾਠ ਹੋਵੇ, ਕੋਈ ਮਰਨ-ਜੰਮਣ ਹੋਵੇ। ਆਨੰਦ ਕਾਰਜ ਹੋਵੇ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਗੁਰਦੁਆਰਾ ਸਾਹਿਬ ਦੇ ਭਾਈ ਸਾਹਿਬ ਕੋਲ ਹੁੰਦੀ ਹੈ। ਉਹ ਆਪਣੇ ਖੇਤਰ ਤੋਂ ਬਾਹਰ ਕਿਸਾਨਾਂ ਨੂੰ ਖੇਤੀ ਬਾਰੇ ਕੋਈ ਹੁਕਮ ਨਹੀਂ ਦੇਂਦੇ। ਪਰ ਪੰਜਾਬ ਵਿਚ ਅਕਾਲ ਤਖ਼ਤ ਤੋਂ ਸਰਕਾਰ ਦੇ ਏਜੰਡੇ ਬਾਰੇ ਵੀ ਹੁਕਮਨਾਮੇ ਦਿੱਤੇ ਜਾਂਦੇ ਹਨ। ਇਹ ਇਸ ਕਰਕੇ ਹੀ ਦਿੱਤੇ ਜਾਂਦੇ ਹਨ ਕਿਉਂਕਿ ਸਰਕਾਰ ਚਲਾਉਣੀ ਅਕਾਲੀ ਦਲ ਦਾ ਆਧਾਰ ਧਰਮ ਉੱਤੇ ਹੈ। ਇਹੀ ਸੰਕਟ ਹੈ।

ਮੰਗ ਹੋਣੀ ਚਾਹੀਦੀ ਹੈ ਕਿ 300 ਸਾਲਾ ਖਾਲਸਾ ਸਾਜਨਾ ਉਤਸਵ ਸ਼੍ਰੋਮਣੀ ਕਮੇਟੀ ਦੇ ਖੇਤਰ ਵਿਚ ਰਹੇ। ਸਰਕਾਰ ਨਾ ਹੀ ਉਹਦੇ ਵਿਚ ਦਖ਼ਲ ਦੇਵੇ ਤੇ ਨਾ ਹੀ ਕੋਈ ਸਰਕਾਰ ਦਾ ਪੈਸਾ ਇਸ ਉਤਸਵ 'ਤੇ ਲੱਗੇ। ਸਿੱਖ ਧਰਮ ਦੇ ਧਾਰਨੀਆਂ ਨੇ ਆਪਣੇ ਸਾਧਨਾਂ ਨਾਲ ਹਮੇਸ਼ਾ ਵੱਡੇ ਤੋਂ ਵੱਡੇ ਉਤਸਵ ਮਨਾਏ ਹਨ। ਹੁਣ ਵੀ ਮਨਾ ਲੈਣਗੇ। ਸਰਕਾਰ ਕੋਲ ਹੋਰ ਬੜੇ ਕੰਮ ਹਨ। ਉਹ ਆਪਣੇ ਖੇਤਰ ਵਿਚ ਕੰਮ ਕਰੇ ਤਾਂ ਹੀ ਵਾਜਬ ਗੱਲ ਹੈ। ਇਸ ਵੇਲੇ ਸਰਕਾਰ ਦਾ ਖਜ਼ਾਨਾ ਖਾਲੀ ਹੈ। ਕਿਸਾਨ ਕਰਜ਼ੇ ਤੋਂ ਤੰਗ ਆ ਕੇ ਖੁਦਕੁਸ਼ੀਆਂ ਕਰ ਰਹੇ ਹਨ। ਕਿੰਨੇ ਹੀ ਕੰਮ ਸਰਕਾਰ ਦੇ ਫਿਕਰ ਵਾਲੇ ਹਨ। ਇਹ ਫਿਕਰ ਕਰਨ ਦੀ ਥਾਂ ਸਰਕਾਰ ਦਾ ਮੋਢੀ ਜਦੋਂ ਹੋਰ ਲੜਾਈਆਂ ਲੜ ਰਿਹਾ ਹੈ। ਇਹ ਪੰਜਾਬ ਦੇ ਲੋਕਾਂ 'ਤੇ ਜ਼ੁਲਮ ਹੈ।

ਬਾਦਲ ਠੀਕ ਹੈ ਜਾਂ ਟੌਹੜਾ ਠੀਕ ਹੈ ਜਾਂ ਹਮਦਰਦ ਦਾ ਅਖ਼ਬਾਰ ਠੀਕ ਕਹਿੰਦਾ ਹੈ ਜਾਂ ਗ਼ਲਤ, ਸਿੰਘ ਸਾਹਿਬ ਠੀਕ ਹਨ ਜਾਂ ਗ਼ਲਤ ? ਇਹ ਸਭ ਕੁਝ ਲੋਕਾਂ ਲਈ ਏਡਾ ਅਹਿਮ ਨਹੀਂ। ਲੋਕਾਂ ਦੀ ਇਹ ਆਵਾਜ਼ ਉੱਚੀ ਹੋਣੀ ਚਾਹੀਦੀ ਹੈ। ਅੱਜ ਦੀ ਸਟੇਟ ਧਰਮ ਆਧਾਰਤ ਸਿਆਸਤ 'ਤੇ ਚਲੇਗੀ ਤਾਂ ਇਹਦੇ ਨਤੀਜੇ ਗ਼ਲਤ ਹੀ ਗ਼ਲਤ ਨਿਕਲਣਗੇ। ਇਹ ਇਕ ਸਥਾਪਤ ਸੱਚ ਹੈ।...